Book By ... Acc No 27663
G.311

ਕੰਮ ਵੀ ਹੈ, ਗੋਂਦ ਵੀ ਹੈ, ਤੇ ਸਭ ਤੋਂ ਵੱਡੀ ਗਲ ਇਹ ਹੈ ਕਿ ਜਿਹੜੀ ਚੀਜ਼ ਕਹਾਣੀ ਕਰਨ ਵਾਲਾ ਬਿਨਾਂ ਦੱਸੇ ਦੇ ਦਰਸਾਣਾ ਚਾਹੁੰਦਾ ਸੀ, ਕਾਮਯਾਬ ਤੌਰ ਤੇ ਸੁਝਾਈ ਗਈ ਹੈ। ਇਸ ਤਰ੍ਹਾਂ ਔਰਤ ਆਪਣੇ ਘਰ ਦੀਆਂ ਗੱਲਾਂ ਕਰਦੀ ਹੋਣੀ ਹੈ: ਕਿਸ ਤਰ੍ਹਾਂ ਇਕ ਚੂਹਾ ਹਰ ਖਾਣ ਦੀ ਚੀਜ਼ ਨੂੰ ਆ ਕੇ ਕਪ-ਟੁਕ ਜਾਇਆ ਕਰਦਾ ਸੀ। ਕਿਸ ਤਰ੍ਹਾਂ ਇਕ ਬਿੱਲੀ ਆ ਕੇ ਚੂਹੇ ਨੂੰ ਖਾ ਗਈ! ਕਿਸ ਤਰ੍ਹਾਂ ਜਦੋਂ ਉਹ ਬਾਹਰ ਜਾ ਰਹੀ ਸੀ, ਇਕ ਕੁਤਾ ਉਸ ਦੇ ਪਿੱਛੇ ਲੱਗਾ, ਬਿੱਲੀ ਛਾਲ ਮਾਰ ਕੇ ਦਰੱਖਤ ਤੇ ਚੜ੍ਹ ਗਈ, ਕੁੱਤਾ ਮੁਢ ਕੋਲ ਖਲੋਤਾ ਦੰਦਕੀੜਾਂ ਵਟਦਾ ਰਿਹਾ, ਚਲਊਂ ਚਲਊਂ ਕਰਦਾ ਰਿਹਾ। ਇਸ ਤਰ੍ਹਾਂ ਕਈ ਕਹਾਣੀਆਂ ਬਨਣ ਲਗ ਪਈਆਂ। ਪਰ ਪਹਿਲੀ ਕਹਾਣੀ ਜ਼ਰੂਰ ਔਰਤ ਨੇ ਹੀ ਬਣਾਈ ਹੋਣੀ ਹੈ। ਔਰਤ-ਜ਼ਾਤ ਦਾ ਗੱਲਾਂ ਕਰਨ ਤੇ ਕਦੀ ਕਦੀ, ਪਰ ਬਹੁਤ ਘਟ, ਗਲਾਂ ਸੁਣਨ ਦਾ ਚਸਕਾ ਕਹਾਣੀ ਦੇ ਜਨਮ, ਕਹਾਣੀ ਦੀ ਉਤਪਤੀ, ਤੇ ਕਹਾਣੀ ਦੇ ਵਿਕਾਸ਼ ਦਾ ਬਹੁਤ ਹੱਦ ਤਕ ਜ਼ਿਮੇਂਵਾਰ ਹੈ।

ਪਰ ਜਿਸ ਚੀਜ਼ ਨੂੰ ਅਜ ਕਲ ਦੇ ਸਾਹਿੱਤਕ ਅਰਥਾਂ ਵਿਚ ਅਸੀ ਨਿੱਕੀ ਕਹਾਣੀ ਕਹਿੰਦੇ ਹਾਂ, ਉਹ ਬਿਲਕੁਲ ਨਵੀਨ ਚੀਜ਼ ਹੈ। ਪੰਜਾਬੀ ਵਿਚ ਇਸ ਕਲਾ ਨੂੰ ਪੈਦਾ ਹੋਇਆਂ ਮਸਾਂ ਇਕ ਦੁਖਾ ਵੀ ਅਜੇ ਨਹੀਂ ਹੋਇਆ, ਭਾਵੇਂ ਇਸ ਤੋਂ ਇਨਕਾਰ ਨਹੀਂ ਕਿ ਇਸ ਚੀਜ਼ ਦੀ ਤਰੱਕੀ ਦੀ ਰਫਤਾਰ ਬੜੀ ਤ੍ਰਿੱਖੀ ਤੇ ਹੈਰਾਨ ਕਰਨ ਵਾਲੀ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵੀ ਇਕ ਕਹਾਣੀਆਂ ਦਾ ਸੰਗ੍ਰਹਿ ਮੰਨੀ ਜਾਂਦੀ ਹੈ। ਪਰ ਮੈਂ ਇੰਝ ਕਹਿ ਕੇ ਨ ਇਤਨੀ ਸੁਹਣੀ ਪੁਸਤਕ ਨਾਲ ਜ਼ਿਆਦਤੀ ਕਰਾਂਗਾ, ਨ ਕਹਾਣੀ-ਕਲਾ ਨਾਲ ਕੋਈ ਸਖ਼ਤੀ। ਸਾਡੀਆਂ ਨਵੀਨ ਸਾਹਿਤਕ ਕੀਮਤਾਂ ਅਨੁਸਾਰ ਇਹ ਪੁਸਤਕ ਨਾਵਲ ਚੌਗੇਰਾ ਸ਼ਾਇਦ ਹੋਵੇ, ਪਰ ਕਹਾਣੀਆਂ ਦੇ

ਸੰਗ੍ਰਹਿ ਦੇ ਤੌਰ ਤੇ ਇਤਨੀ ਕਾਮਯਾਬ ਨਹੀਂ, ਭਾਵੇਂ ਇਸਦੀ ਸਾਹਿਤਕ ਵਸ਼ੇਸ਼ਤਾ ਨੂੰ ਵਾਰਤਕ ਦੇ ਵਿਦਆਰੀਆਂ ਨੇ ਅਜੇ ਪਛਾਣਨਾ ਹੈ।

ਹਰ ਕਲਾ ਦੇ ਨੀਯਮ ਹੁੰਦੇ ਹਨ। ਇਹ ਨੀਯਮ ਬਦਲ ਸਕਦੇ ਹਨ, ਪਰ ਹਟਾਏ ਬਿਲਕੁਲ ਨਹੀਂ ਜਾ ਸਕਦੇ। ਕੋਈ ਖ਼ਾਸ ਚੀਜ਼ ਹੈ ਜਿਸ ਕਰ ਕੇ ਨਿੱਕੀ ਕਹਾਣੀ ਕਹਾਣੀ ਸੀ, ਅਜ ਤੋਂ ਪੰਜਾਹ ਸਾਲ ਪਿੱਛੇ, ਜਿਸ ਕਰ ਕੇ ਨਿੱਕੀ ਕਹਾਣੀ ਕਹਾਣੀ ਰਵੇਗੀ ਅਜ ਤੋਂ ਪੰਜਾਹ ਹਜ਼ਾਰ ਸਾਲ ਬਾਅਦ ਵੀ। ਬੇਸ਼ਕ ਰੂਪ ਵੱਟੇ, ਬੇਸ਼ਕ ਮੁਹਾਂਦਰਾ ਹੋਰ ਦਾ ਹੋਰ ਹੁੰਦਾ ਜਾਏ, ਪਰ ਉਹ ਚੀਜ਼ ਜਿਹੜੀ ਇਕ ਕਹਾਣੀ ਨੂੰ ਲੇਖ ਤੋਂ ਅਲੱਗ ਕਰਦੀ ਹੈ, ਉਹ ਚੀਜ਼ ਜਿਹੜੀ ਇਕ ਕਹਾਣੀ ਨੂੰ ਨਾਵਲ ਤੋਂ ਅਡਰਾ ਕਰਦੀ ਹੈ, ਹਮੇਸ਼ਾ ਹਰ ਹਾਲਤ ਵਿਚ ਅਹਿਲ ਰਵੇਗੀ। ਪਰ ਇਸ ਤੋਂ ਵੀ ਇਨਕਾਰ ਨਹੀਂ ਕਿ ਉਸ ਅਤਿ ਜ਼ਰੂਰੀ ਸਾਂਝ ਤੋਂ ਸਿਵਾ ਇਕ ਕਹਾਣੀ ਦੂਜੀ ਕਹਾਣੀ ਤੋਂ ਰੂਪ, ਰੰਗ, ਢੰਗ ਸਭ ਵਿਚ ਬਿਲਕੁਲ ਹੋਰ ਦੀ ਹੋਰ ਹੋ ਸਕਦੀ ਹੈ। ਕਹਾਣੀਆਂ ਕਈ ਕਿਸਮਾਂ ਦੀਆਂ ਹੁੰਦੀਆਂ ਹਨ; ਅਸਲ ਵਿਚ ਕਹਾਣੀ-ਲੇਖਕਾਂ ਨੇ ਸਾਹਿੱਤ ਦੀ ਹਰ ਕਲਾ ਤੇ ਲੱਤਾਂ ਲੰਮਿਆਰੀਆਂ ਹੋਈਆਂ ਹਨ। ਕਹਾਣੀ ਕਹਾਣੀ ਵਰਗੀ ਹੁੰਦੀ ਹੈ, ਕਹਾਣੀ ਕਵਿਤਾ ਵਰਗੀ ਹੁੰਦੀ ਹੈ, ਕਹਾਣੀ ਨਾਟਕ ਵਰਗੀ ਹੁੰਦੀ ਹੈ, ਕਹਾਣੀ ਮਨੋ-ਵਿਗਿਆਨ ਦੇ ਇਕ ਤਜਰਬੇ ਵਰਗੀ ਹੋ ਸਕਦੀ ਹੈ, ਸਮਾਜ-ਸੁਧਾਰ ਦੇ ਇਕ ਲੈਕਚਰ ਵਰਗੀ ਹੋ ਸਕਦੀ ਹੈ, ਜਾਦੂ-ਟੂਣਿਆਂ ਦੇ ਇਕ ਕਾਂਡ ਵਰਗੀ ਹੋ ਸਕਦੀ ਹੈ, ਕਹਾਣੀ ਕਈ ਚੀਜ਼ਾਂ ਵਰਗੀ ਹੋ ਸਕਦੀ ਹੈ, ਪਰ ਕਹਾਣੀ ਕਹਾਣੀ ਹੈ, ਕਹਾਣੀ ਕੁਝ ਹੋਰ ਨਹੀਂ ਹੋ ਸਕਦੀ। ਪਰ ਇਹ ਗੱਲ ਮੰਨਣੀ ਹੀ ਪਵੇਗੀ ਕਿ ਕਹਾਣੀਆਂ ਨਾਲ ਕਈ ਪਾਪੜ ਵੇਲੇ ਜਾਂਦੇ ਹਨ। ਕੁਝ

ਕਹਾਣੀਆਂ ਸਿਰਫ ।ਇਸ ਲਈ ਹੁੰਦੀਆਂ ਹਨ ਕਿ ਪਾਠਕ ਦੀ ਦੁਨੀਆ ਵਿਚ ਇਕ ਰੌਣਕ ਜਹੀ ਲਿਆਈ ਜਾਏ, ਕਿਸੇ ਨਾਲ ਉਸ ਨੂੰ ਗੱਲਾਂ ਕਰਵਾਈਆਂ ਜਾਂਦੀਆਂ ਹਨ, ਕਿਸੇ ਲਈ ਉਸ ਦੇ ਦਿਲ ਵਿਚ ਹਮਦਰਦੀ ਪੈਦਾ ਕੀਤੀ ਜਾਂਦੀ ਹੈ, ਕਿਸੇ ਨੂੰ ਢਾਹਿਆ ਜਾਂਦਾ ਹੈ, ਕਿਸੇ ਨੂੰ ਉਠਾਇਆ ਜਾਂਦਾ ਹੈ। ਕਈ ਕਹਾਣੀਆਂ ਵਿਚ ਸਮਾਜ ਦੇ ਕਿਸੇ ਮਸਲੇ ਤੇ ਨਿਰੀ-ਪੁਰੀ ਵੀਚਾਰ ਹੁੰਦੀ ਹੈ। ਕਈਆਂ ਵਿਚ ਕਿਸੇ ਫ਼ਿਲਾਸਫ਼ੀ ਨੂੰ ਸੁਲਝਾਇਆ ਹੋਇਆ ਹੁੰਦਾ ਹੈ। ਕਈ ਕੇਵਲ ਕਿਸੇ ਪਾਤ੍ਰ ਦੇ ਕੈਰੇਕਟਰ ਦੀ ਉਸਾਰੀ ਨੂੰ ਉਲੀਕਦੀਆਂ ਹਨ, ਕਈਆਂ ਵਿਚ ਵਾਯੂ-ਮੰਡਲ ਹੀ ਵਾਯੂ-ਮੰਡਲ ਹੁੰਦਾ ਹੈ; ਕਈਆਂ ਵਿਚ ਵਾਯੂ-ਮੰਡਲ (Atmosphere) ਤੋਂ ਵੀ ਉਤੇ ਉਠ ਕੇ ਅਰਸ਼ੀ ਉਡਾਰੀਆਂ ਲਾਈਆਂ ਹੁੰਦੀਆਂ ਹਨ, ਕਈਆਂ ਵਿਚ ਦਿਲ ਦੀ ਤਹਿ ਵਿਚ ਹੀ ਲੇਖਕ ਗੜੁੰਦ ਹੋਇਆ ਰਹਿੰਦਾ ਹੈ, ਆਦਿ।

ਇਕਸਾਰਤਾ ਨਿੱਕੀ ਕਹਾਣੀ ਦਾ ਪਹਿਲਾ ਤੇ ਅਖ਼ੀਰਲਾ ਅਤਿ ਜ਼ਰੂਰੀ ਅੰਗ ਹੈ। ਇਕਸਾਰਤਾ ਕਈ ਤਰ੍ਹਾਂ ਦੀ ਹੋ ਸਕਦੀ ਹੈ: ਸਮੇਂ ਦੀ, ਥਾਂ ਦੀ, ਕਰਮ ਦੀ। ਇਹ ਤਿੰਨ ਤਰ੍ਹਾਂ ਦੀ ਇਕਸਾਰਤਾ ਯੂਨਾਨ ਦੀ ਵਿਦਵਤਾ ਦੇ ਦੌਰ ਦੀ ਬੁਝੀ ਚੀਜ਼ ਹੈ। ਨਵੀਨ ਆਦਮੀ ਨੂੰ ਇਨ੍ਹਾਂ ਵਿਚੋਂ ਕਿਸੇ ਇਕ ਤੇ ਵੀ ਇਹਤਕਾਦ ਨਹੀਂ। ਸਮੇਂ ਦੀ ਇਕਸਾਰਤਾ ਤੋਂ ਉਨ੍ਹਾਂ ਲੋਕਾਂ ਦਾ ਮਤਲਬ ਇਹ ਸੀ ਕਿ ਆਰਟ ਵਿਚ ਸਿਰਫ ਇਕੋ ਵਕਤ ਦਾ ਜ਼ਿਕਰ ਕੀਤਾ ਜਾਏ, ਕਿਸੇ ਖ਼ਾਸ ਵਕਤ ਸ਼ੁਰੂ ਹੋਈ ਕੋਈ ਗਲ ਚੁਕਵੇਂ ਫਬਵੇਂ ਸਮੇਂ ਤੋਂ ਬਾਅਦ ਉਸੇ ਵਕਤ ਦੇ ਨੇੜੇ-ਤੇੜੇ ਖ਼ਤਮ ਹੋ ਜਾਏ। ਉਹ ਲੋਕ ਮੰਨਦੇ ਸਨ ਕਿ ਇਕ ਦਿਨ ਤੋਂ ਜ਼ਿਆਦਾ ਸਮੇਂ ਦਾ ਇਕ ਚੀਜ਼ ਵਿਚ ਜ਼ਿਕਰ ਨ ਕੀਤਾ ਜਾਏ। ਥਾਂ ਦੀ ਇਕਸਾਰਤਾ ਤੋਂ ਯੂਨਾਨੀ

ਫ਼ਿਲਾਸਫ਼ਰਾਂ ਦਾ ਭਾਵ ਇਹ ਸੀ ਕਿ ਜਿਸ ਜਗ੍ਹਾ ਤੇ ਪਰਦਾ ਚੁਕਿਆ ਜਾਏ ਉਸੇ ਜਗ੍ਹਾ ਮੁੜ ਕੇ ਫੇਰ ਡਿਗੇ। ਦੁਲਾਂਘਾਂ ਨਾਂਹ ਪੁਟੀਆਂ ਜਾਣ, ਉਡਾਰੀਆਂ ਨ ਮਾਰੀਆਂ ਜਾਣ; ਇਕ ਸ਼ਹਿਰ ਤੋਂ ਦੂਜੇ ਸ਼ਹਿਰ ਵਿਚ ਸੀਨ ਬਿਲਕੁਲ ਨ ਬਦਲੇ ਜਾਣ, ਆਦਿ। ਇਸੇ ਤਰ੍ਹਾਂ ਕਰਮ ਦੀ ਇਕਸਾਰਤਾ : ਦੁਖਾਂਤ ਵਿਚ ਸੁਖਾਂਤ ਨ ਆਵੇ, ਕੈਰੇਕਟਰ ਦੀ ਉਸਾਰੀ ਜਾਂ ਤਬਦੀਲੀ ਦਾ ਪ੍ਰਭਾਵ ਨ ਪਵੇ, ਪਾਤ੍ਰ ਇੱਕ-ਰਿੱਖ ਉਸੇ ਤਰ੍ਹਾਂ ਵਤੀਰਾ ਪ੍ਰਗਟ ਕਰੇ, ਜਿਸ ਤਰ੍ਹਾਂ ਦਰਸ਼ਕ ਉਸ ਤੋਂ ਆਸ ਰੱਖੀ ਬੈਠੇ ਹਨ। ਪਰ ਇਹ ਨੀਯਮ ਨ ਨਾਟਕ ਵਿਚ-ਜਿਸ ਲਈ ਖਾਸ ਤੌਰ ਤੇ ਇਹ ਬਣਾਏ ਗਏ–ਕਦੀ ਕਾਮਯਾਬ ਤੌਰ ਤੇ ਸਾਰੇ ਦੇ ਸਾਰੇ ਅਗੇ ਵਰਤੇ ਗਏ, ਨ ਹੁਣ ਵਰਤੇ ਜਾ ਰਹੇ ਹਨ, ਕਹਾਣੀ ਵਿਚ ਤੇ ਇਨ੍ਹਾਂ ਦਾ ਜ਼ਿਕਰ ਹਾਸੋ-ਹੀਣਾ ਹੈ। ਜਿਹੜੀ ਇਕਸਾਰਤਾ ਮੈਂ ਨਿੱਕੀ ਕਹਾਣੀ ਵਿਚ ਮੰਨਦਾ ਹਾਂ, ਉਹ ਪ੍ਰਭਾਵ ਦੀ ਇਕਸਾਰਤਾ ਹੈ; ਕੋਈ ਚੀਜ਼ ਜਿਹੜੀ ਇਨ੍ਹਾਂ ਉਤੇ ਜ਼ਿਕਰ ਕੀਤੀਆਂ ਤਿੰਨਾਂ ਚੀਜ਼ਾਂ ਦੀਆਂ ਆਤਮਾਵਾਂ ਦਾ ਮਿਲ-ਗੋਭਾ ਹੈ। ਕਹਾਣੀ ਪੜ੍ਹ ਕੇ, ਮੇਰੀ ਰਾਏ ਵਿਚ, ਪਾਠਕ ਨੂੰ ਇੰਝ ਮਾਸੂਸ ਹੋਣਾ ਚਾਹੀਦਾ ਹੈ ਕਿ ਸਮੂਹ ਤੌਰ ਤੇ ਉਸ ਨੇ ਇਕ ਇਕੱਲੀ ਚੀਜ਼ ਦਾ ਤਜਰਬਾ ਕੀਤਾ ਹੈ, ਕੋਈ ਇਕ ਗਲ ਸਾਫ਼ ਹੋ ਜਾਵੇ, ਕਿਸੇ ਇਕ ਅੰਗ ਤੇ ਰੋਸ਼ਨੀ ਪਵੇ, ਕਿਸੇ ਇਕ ਵਾਕਿਆ ਦਾ ਵਰਨਣ ਹੋਵੇ। ਮੈਂ ਮੰਨਦਾ ਹਾਂ, ਕਿਸੇ ਇਕ ਨੁਕਤੇ ਤੇ ਧਿਆਨ ਰੱਖ ਕੇ ਕਲਾਕਾਰ ਜੋ ਮਰਜ਼ੀ ਸੂ ਕਰੇ, ਜਿਥੇ ਮਰਜ਼ੀ ਸੂ ਜਾਏ, ਜਦੋਂ ਤਕ ਉਹ ਪਾਠਕਾਂ ਦੀਆਂ ਨਜ਼ਰਾਂ ਵਿਚ ਉਹ ਇਕ–ਇਕੱਲੀ ਚੀਜ਼-ਜਿਸ ਨੂੰ ਉਸ ਸ਼ੁਰੂ ਵਿਚ ਹੱਥ ਪਾਇਆ ਸੀ–ਰੱਖ ਸਕਦਾ ਹੈ, ਉਹ ਕਾਮਯਾਬ ਕਹਾਣੀ ਲੇਖਕ ਹੈ।

ਇਕ ਹੋਰ ਭੁਲੇਖਾ ਹੈ।

ਆਮ ਲੋਕ ਸਮਝਦੇ ਹਨ, ਕਹਾਣੀ ਵਿਚ ਜ਼ਿੰਦਗੀ ਨੂੰ ਹੂ-ਬਹੂ ਉਲੀਕਿਆ ਹੋਇਆ ਹੁੰਦਾ ਹੈ, ਜਿਸ ਤਰ੍ਹਾਂ ਕੈਮਰੇ ਵਾਲਾ ਫੋਟੋ ਲਾਹ ਲੈਂਦਾ ਹੈ, ਇਨ-ਬਿਨ ਇਸ ਤਰ੍ਹਾਂ ਕਲਾਕਾਰ ਆਪਣੇ ਆਰਟ ਵਿਚ ਅਸਲੀਅਤਾਂ ਨੂੰ ਪ੍ਰਗਟ ਕਰਦਾ ਹੈ। ਗਲ ਅਸਲ ਵਿਚ ਇਸ ਤਰ੍ਹਾਂ ਨਹੀਂ। ਕਲਾਕਾਰ ਜ਼ਿੰਦਗੀ ਦਾ ਨਿਰੋਲ ਉਤਾਰਾ ਨ ਕਦੀ ਕਰ ਸਕਦਾ ਹੈ ਤੇ ਨਾਂ ਹੀ ਉਸ ਨੂੰ ਕਰਨਾ ਚਾਹੀਦਾ ਹੈ। ਜੇ ਜ਼ਿੰਦਗੀ ਦੀਆਂ ਉਣਤਾਈਆਂ ਕਲਾ ਵਿਚ ਵੀ ਉਣਤਾਈਆਂ ਹੀ ਰਹੀਆਂ, ਤਾਂ ਕਲਾ ਕਲਾ ਕਿੰਝ ਹੋਈ ? ਆਰਟ ਇਨ-ਬਿਨ ਜ਼ਿੰਦਗੀ ਵਾਂਗਰਾਂ ਨਹੀਂ, ਜ਼ਿੰਦਗੀ ਦੇ ਬਰਾਬਰ ਹੈ ਕੋਈ ਚੀਜ਼ ਹੈ। ਜਿਹੜੀਆਂ ਗੱਲਾਂ ਕਦੀ ਵੀ ਨਹੀਂ ਹੋਈਆਂ, ਕਹਾਣੀ ਲੇਖਕ ਆਪਣੇ ਪਾਠਕਾਂ ਦੀ ਸੂਝ ਨੂੰ ਇਕ ਇਹੋ ਜਹੇ ਸਿਖਰ ਤੇ ਲੈ ਜਾ ਸਕਦਾ ਹੈ ਜਿਥੇ ਉਨ੍ਹਾਂ ਦਾ ਵਾਪਰਨਾ ਕੋਈ ਵੱਡੀ ਗਲ ਨਹੀਂ। ਕਈ ਵਾਰ ਕਲਾਕਾਰ ਇਹੋ ਜਹੀਆਂ ਹਾਲਤਾਂ ਪੈਦਾ ਕਰਦਾ ਹੈ, ਜਿਨ੍ਹਾਂ ਨੂੰ ਜੇ ਠੀਕ ਮੰਨ ਲਿਆ ਜਾਵੇ, ਤਾਂ ਉਸ ਗਲ ਨੂੰ ਜੋ ਉਸ ਕਿਸੇ ਆਰਟ ਵਿਚ ਦਰਸਾਈ ਹੋਈ ਹੁੰਦੀ ਹੈ ਸੱਚ-ਮੁਚ ਵਾਪਰ-ਸਕਦੀ ਅਸਲੀਅਤ ਮੰਨਣਾ ਹੀ ਪੈਂਦਾ ਹੈ। ਆਰਟ ਦੀ ਸਚਾਈ ਹੋਰ ਚੀਜ਼, ਜ਼ਿੰਦਗੀ ਦੀ ਸਚਾਈ ਕੋਈ ਹੋਰ ਚੀਜ਼। ਮੈਂ ਉਸ ਕਲਾਕਾਰ ਨੂੰ ਕਾਮਯਾਬ ਸਮਝਦਾ ਹਾਂ, ਜੋ ਮੇਰੀ ਸੂਝ ਨੂੰ ਇਕ ਵਾਰ ਹਲੂਣਦਾ ਹੈ। ਜੋ ਸਿਰਫ ਮੇਰੀ ਅਕਲ ਨੂੰ ਅਪੀਲ ਕਰਦਾ ਹੈ, ਉਸ ਨੂੰ ਤਾਂ ਕਦੀ ਕਦੀ ਮੈਂ ਆਰਟਿਸਟ ਮੰਨਣੋਂ ਵੀ ਇਨਕਾਰੀ ਹੁੰਦਾ ਹਾਂ। ਫ਼ੋਟੋਗਰਾਫ਼ਰ ਦੀ ਤਸਵੀਰ ਸਿਰਫ਼ ਤਸਵੀਰ ਹੀ ਹੁੰਦੀ ਹੈ, ਆਰਟਿਸਟ ਦਾ ਚਿਤ੍ਰ, ਚਿਤ੍ਰ + ਆਰਟਿਸਟ ਆਪ ਹੁੰਦਾ ਹੈ। ਕਹਾਣੀ ਵਿਚ ਇਸ ਲਈ ਸੱਚ-ਮੁੱਚ (Actual) ਦੇ ਪਾਤ੍ਰ ਕਦੀ ਨਹੀਂ ਆਉਣੇ ਚਾਹੀਦੇ। ਭਾਵੇਂ ਅਸਲੀ (Real) ਪਾਤ੍ਰ ਹਮੇਸ਼ ਆਉਣ। ਅਤੇ ਇਨ੍ਹਾਂ ਤੋਂ ਬਿਨਾਂ ਕਹਾਣੀ ਉਚੀ ਕਹਾਣੀ ਕਦੀ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.